وَعَلٰی عَبْدِہِ الْمَسِیْحِ الْمَوْعُوْدِ نَحْمَدُہٗ وَنُصَلِّیْ عَلٰی رَسُوْلِہِ الْکَرِیْمِ بِسْمِ اللّٰہِ الرَّحْمٰنِ الرَّحِیْمِ

# ਖ਼ੁਲਾਸਾ ਖ਼ੁਤਬਾ ਜੁਮਆ 07.07.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਵਿਰੋਧੀਆਂ ਦਾ ਭੈੜਾ ਅੰਜਾਮ

## ਅਤੇ ਅਹਮਦੀਅਤ ਕੁਬੂਲ ਕਰਨ ਦੀਆਂ ਇਮਾਨ ਵਧਾਉ ਗਲੱਾਂ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 07 ਜੁਲਾਈ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਿਵੇਂ ਕਿ ਨਬੀਆਂ ਦੇ ਇਤਿਹਾਸ ਵਿੱਚ ਅਸੀਂ ਦੇਖਦੇ ਹਾਂ ਕਿ ਉਹਨਾਂ ਦੇ ਦਾਵੇ ਦੇ ਬਾਦ ਉਹਨਾਂ ਦੀ ਮੁਖ਼ਾਲਫ਼ਤ ਹੁੰਦੀ ਹੈ ਅਤੇ ਜਿਵੇਂ ਜਿਵੇਂ ਜਮਾਤ ਫੈਲਦੀ ਹੈ ਵਿਰੋਧਤਾ ਤੇ ਸਾੜੇ ਦੀ ਅੱਗ ਵੀ ਵਧੱਣਾ ਸ਼ੁਰੂ ਹੋ ਜਾਂਦੀ ਹੈ । ਪਰ ਕਿਉਂਕਿ ਦਾਵਾ ਕਰਨ ਵਾਲਾ ਰੱਬ ਵੱਲੋਂ ਭੇਜਿਆ ਗਿਆ ਹੁੰਦਾ ਹੈ ਅਤੇ ਰੱਬ ਨੇ ਉਸ ਨੂੰ ਵਿਰੋਧਤਾ ਹੁੰਦਿਆਂ ਹੋਇਆਂ ਵੀ ਤਰੱਕੀ ਦੇ ਵਾਦੇ ਤੇ ਖ਼ੁਸ਼ਖ਼ਬਰੀਆਂ ਦਿੱਤੀਆਂ ਹੁੰਦੀਆਂ ਹਨ, ਇਸ ਲਈ ਵਿਰੋਧਤਾ ਤਰੱਕੀ ਦੇ ਮਾਰਗ ਵਿੱਚ ਰੋਕ ਨਹੀਂ ਬਣਦੀ ਅਤੇ ਨ ਬਣ ਸਕਦੀ ਹੈ । ਰੱਬ ਨੇ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਸੀਹ ਤੇ ਮਹਦੀ ਬਣਾਕੇ ਭੇਜਿਆ ਤਾਂ ਆਪ ਨਾਲ ਵੀ ਇਸ ਮਰਿਆਦਾ ਅਨੁਸਾਰ ਇਹੋ ਵਰਤਾਓ ਰੱਬ ਫ਼ਰਮਾ ਰਿਹਾ ਹੈ ਜਿੱਥੇ ਵਿਰੋਧਤਾਵਾਂ ਬਾਰੇ ਰੱਬ ਨੇ ਪਹਿਲਾਂ ਖ਼ਬਰਾ ਦਿੱਤੀਆਂ, ਓਥੇ ਵਿਰੋਧੀਆਂ ਦੇ ਭੈੜੇ ਅੰਜਾਮ ਬਾਰੇ ਅਤੇ ਵਿਰੋਧਤਾਵਾਂ ਦੇ ਹੁੰਦਿਆਂ ਹੋਇਆਂ ਵੀ ਆਪ ਦੀ ਜਮਾਤ ਦੇ ਵਧੱਣ ਅਤੇ ਆਪਦੇ ਪੱਖ ਦੀਆਂ ਖ਼ਬਰਾਂ ਦਿੱਤੀਆਂ । ਇਉਂ ਰੱਬ ਨੇ ਆਪ ਨੂੰ ਫ਼ਰਮਾਇਆ ਮੈਂ ਤੇਰੇ ਖ਼ਾਲਸ ਪ੍ਰਮੀਆਂ ਤੇ ਮਨ ਨਾਲ ਪ੍ਰੇਮ ਕਰਨ ਵਾਲਿਆਂ ਨੂੰ ਵਧਾਵਾਂਗਾ । ਫਿਰ ਇਹ ਇਲਹਾਮ ਹੈ ਕਿ ਮੈਂ ਤੇਰੇ ਨਾਲ ਅਤੇ ਤੇਰੇ ਪਿਆਰਿਆਂ ਦੇ ਨਾਲ ਹਾਂ । ਰੱਬ ਨੇ ਫ਼ਰਮਾਇਆ ਕਿ (يَنْصُرُكَ رِجَالٌ نُّوْحِيْ اِلَيْهِمْ مِنَ السَّمَآءِ) 'ਯਨਸੁਰੁਕਾ ਰਿਜਾਲੁਨ ਨੂਹੀ ਅਲੈਹਮਿ ਮਿਨਸੱਮਾਇ' ਅਰਥਾਤ ਤੇਰੀ ਮਦਦ ਉਹ ਲੋਕ ਰਕਨਗੇ ਜਿੱਨ੍ਹਾਂ ਦੇ ਦਿਲਾਂ ਵਿੱਚ ਅਸੀਂ ਆਪਣੀ ਵੱਲੋਂ ਇਲਹਾਮ ਕਰਾਂਗੇ । ਫਿਰ ਫ਼ਰਮਾਇਆ ਕਿ ਮੈਂ ਤੈਨੂੰ ਸਨਮਾਨ ਦਿਆਂਗਾ ਅਤੇ ਵਧਾਵਾਂਗਾ । ਫਿਰ ਇਕ ਹੋਰ ਇਲਹਾਮ ਇਹ ਹੈ ਕਿ (يَنْصُرُكَ اللّٰهُ مِنْ عِنْدِهٖ) ਯਨਸੁਰੁਕਲੱਾਹੁ ਮਿਨ ਇੰਦਿਹ' ਕਿ ਰੱਬ ਆਪਣੀ ਵੱਲੋਂ ਤੇਰੀ ਮਦਦ ਕਰੇਗਾ ।

ਫਿਰ ਰੱਬ ਦਾ ਇਹ ਵਾਦਾ ਵੀ ਹੈ ਪ੍ਰਚਾਰ ਬਾਰੇ ਕਿ ਮੈਂ ਤੇਰੇ ਪ੍ਰਚਾਰ ਨੂੰ ਧਰਤੀ ਦੇ ਕੰਢਿਆਂ ਤੱਕ ਪਹੁੰਚਾਵਾਂਗਾ । ਫਿਰ ਇਹ ਵੀ ਫ਼ਰਮਾਇਆ, (كَتَبَ اللّٰهُ لَاَغۡلِبَنَّ اَنَا وَرُسُلِیۡ) 'ਕਾਤਾਬਲੱਾਹੁ ਲ-ਅਗ਼ਲਿਬਨੱਾ ਅਨਾ ਵ ਰੁਸੁਲੀ' ਕਿ ਰੱਬ ਨੇ ਲਿੱਖ ਛੱਡਿਆ ਹੈ ਕਿ ਮੈਂ ਤੇ ਮੇਰਾ ਰਸੂਲ ਗ਼ਾਲਬ ਆਉਣਗੇ । ਹੁਣ ਇਹ ਕੇਵਲ ਦਿਖਾਵੇ ਦੀਆਂ ਗਲੱਾਂ ਨਹੀਂ ਜੋ 'ਨਊਜ਼ ਬਿਲੱਾਹ' ਹਜ਼ਰਤ ਮਸੀਹ ਮੌਊਦ ਅਲੈਹਿ ਵਸਲਮ ਨੇ ਰੱਬ ਵੱਲ ਮੜ੍ਹਕੇ ਆਖ ਦਿੱਤੀਆਂ ਸਗੋਂ ਰੱਬ ਹਰ ਯੁੱਗ ਵਿੱਚ ਇਸ ਦਾ ਕਰਮ ਰੂਪੀ ਦਿਖਾਵਾ ਵੀ ਕਰਦਾ ਰਹਿੰਦਾ ਹੈ ਕਿਤੇ ਰੱਬ ਵਿਰੋਧੀਆਂ ਦੇ ਮਕਰ (ਧੋਖੇ) ਉਹਨਾਂ'ਤੇ ਪਰਤਾਕੇ ਆਪਣੇ ਪੱਖ ਦੇ ਅਮਲੀ ਨਜ਼ਾਰੇ ਦਿਖਾਉਂਦਾ ਹੈ ਕਿਤੇ ਆਪ ਉਹਨਾਂ ਦਾ ਮਾਰਗ ਦਰਸ਼ਨ ਕਰਕੇ ਅਹਮਦੀਅਤ ਦੀ ਸਚੱਾਈ ਦਿਖਾਉਂਦਾ ਹੈ ਕਿਤੇ ਗ਼ੈਰਾਂ ਦੇ ਦਿਲਾਂ ਵਿੱਚ ਪਾਉਂਦਾ ਹੈ ਕਿ ਉਹ ਗ਼ੈਰਾ ਦੇ ਹਮਲਿਆਂ ਦੇ ਵਿਰੁਧ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੇ ਮੰਨਣ ਵਾਲਿਆਂ ਦੇ ਪੱਖ ਵਿੱਚ ਮਦਦ ਕਰਨ । ਇਸ ਸਮੇਂ ਮੈਂ ਕੁਝ ਗਲੱਾਂ ਪੇਸ਼ ਕਰਦਾ ਹਾਂ , ਵਿਰੋਧੀਆਂ ਤੇ ਭੈੜੇ ਅੰਜਾਮ ਬਾਰੇ ।

ਨਾਜ਼ਿਰ ਸਾਹਬ ਦਾਵਤ ਇਲਲੱਾਹ ਕਾਦੀਆਂ ਨੇ ਲਿੱਖਿਆ ਤਕ ਉਹਨਾਂ ਦੇ ਇਕ ਮੁਅਲੱਮ ਹਨ ਇਸਹਾਕ ਸਾਹਬ ਉਹ ਰਮਜ਼ਾਨ ਨੇੜੇ ਆਪਣੇ ਪਿੰਡ ਗਏ ਆਪਣੇ ਇਕ ਰਿਸ਼ਤੇਦਾਰ ਦੇ ਘਰ ਤਾਂ ਜੋ ਘਰ ਵਾਲਿਆਂ ਨੂੰ ਰਮਜ਼ਾਨ ਦੇ ਸਮੇਂ ਸਾਰਣੀ ਬਾਰੇ ਦੱਸ ਦੇਣ । ਕਹਿੰਦੇ ਹਨ ਕਿ ਜੱਦ ਘਰ ਵਾਲਿਆਂ ਨੂੰ ਰਮਜ਼ਾਨ ਦੀਆਂ ਬਰਕਤਾਂ ਤੇ ਵੱਡਿਆਈ ਬਾਰੇ ਦੱਸ ਰਹੇ ਸਨ, ਟਾਈਮ ਟੇਬਲ ਦੇਣ ਦੇ ਬਾਦ ਇਸੇ ਸਮੇਂ ਵਿਚਕਾਰ ਇਕ ਹੋਰ ਮੁਸਲਿਮ ਨੌਜੁਆਨ ਇਕਬਾਲ ਨਾਂ ਦਾ ਆਣਕੇ ਬੈਹਿ ਗਿਆ । ਕੁਝ ਚਿਰ ਤਾਂ ਮੁਅਲੱਮ ਸਾਹਬ ਦੀਆਂ ਗਲੱਾਂ ਸੁਣਦਾ ਰਿਹਾ ਫਿਰ ਉਸ ਦੇ ਬਾਦ ਘਰ ਵਾਲਿਆਂ ਨੂੰ ਪੁੱਛਿਆ ਇਹ ਕੌਣ ਹੈ । ਇਹਨਾਂ ਦੇ ਰਿਸ਼ਤੇਦਾਰਾਂ ਨੇ ਸੰਭਵਤਾ ਸਪਸ਼ਟ ਤੌਰ'ਤੇ ਦਸੱਣਾ ਉਚਿਤ ਨਹੀਂ ਸਮਝਿਆ ਕਿ ਜਮਾਤ ਅਹਮਦੀਆ ਦਾ ਮੁਅਲੱਮ ਹੈ ਕੇਵਲ ਐਨ੍ਹਾ ਹੀ ਕਿਹਾ ਕਿ ਫਲਾਣੇ ਪਿੰਡੋਂ ਆਇਆ ਹੈ ਪਰ ਮੁਅਲੱਮ ਸਾਹਬ ਨੇ ਸਾਫ਼ ਤੌਰ'ਤੇ ਆਪਣਾ ਪਰੀਚੇ ਕਰਵਾਇਆ ਕਿ ਮੈਂ ਜਮਾਤ ਅਹਮਦੀਆਂ ਦਾ ਮੁਅਲੱਮ ਹਾਂ । ਉਸ'ਤੇ ਇਹ ਵਿਅਕਤੀ ਬਹੁਤ ਗੁੱਸੇ ਵਿੱਚ ਆ ਗਿਆ, ਅੱਗ ਬਗੂਲਾ ਹੋ ਗਿਆ । ਮੁਅਲੱਮ ਸਾਹਬ ਨੇ ਪੂਰਾ ਪਰੀਚੇ ਕਰਾਉਣਾ ਚਾਹਿਆ ਤਾਂ ਜੋ ਉਸ ਦੇ ਕੁਝ ਗ਼ਲਤ ਭਰਮ ਦੂਰ ਹੋ ਜਾਣ ਪਰ ਉਸ ਵਿਅਕਤੀ ਨੇ ਸੁਣਨ ਤੋਂ ਨਾਂਹ ਕਰ ਦਿੱਤੀ । ਕਹਿੰਦੇ ਹਨ ਗੱਲ ਕਰਨ ਸਮੇਂ ਕੁਰਆਨ ਕਰੀਮ, ਇਸਲਾਮ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦਾ ਨਾਂ ਆਉਂਦਾ ਤਾਂ ਇਹ ਵਿਅਕਤੀ ਕਹਿੰਦਾ ਕਿ ਆਪ ਲੋਕਾਂ ਨੂੰ ਇਹ ਇਸਲਾਮੀ ਟਰਮਜ਼ ਵਰਤੋਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਉਹੋ ਪਾਕਿਸਤਾਨੀ ਮੌਲਵੀਆਂ ਵਾਲਾ ਪ੍ਰਭਾਵ ਹੈ । ਭਾਵ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਨਾਂ ਆਉਂਦਾ ਤਾਂ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਬਹੁਤ ਗੰਦੀਆਂ ਗਾਲ੍ਹਾਂ ਕਢੱਦਾ ਅਤੇ ਕਹਿੰਦਾ ਕਿ ਮੈਂ ਸਊਦੀ ਅਰਬ, ਬਹਿਰੀਨ ਤੇ ਕਤਰ ਆਦਿ ਵਿੱਚ ਰਹਿ ਕੇ ਆਇਆ ਹਾਂ ਆਪ ਲੋਕਾਂ ਬਾਰੇ ਸਭ ਕੁਝ ਜਾਣਦਾ ਹਾਂ । ਸਾਰਿਆਂ ਇਸਲਾਮੀ ਦੇਸ਼ਾਂ ਨੇ ਆਪ ਲੋਕਾਂ ਦੇ ਵਿਰੁਧ ਫ਼ਤਵੇ ਦਿੱਤੇ ਹੋਏ ਹਨ ਅਤੇ ਇਹ ਵੀ ਕਿਹਾ ਹੈ ਕਿ ਜੇਕਰ ਮਾਰਗ ਵਿੱਚ ਸੱਪ ਤੇ ਕਾਦੀਆਨੀ ਮਿਲ ਜਾਣ ਤਾਂ ਸੱਪ ਨੂੰ ਛੱਡ ਦਿਓ ਅਤੇ ਕਾਦੀਆਨੀ ਨੂੰ ਕਤਲ ਕਰ ਦਿਓ ਅਤੇ ਇਹ ਕਹਿੰਦਿਆਂ ਹੋਇਆਂ ਵਾਰਵਾਰ ਉਹ ਮੈਂਨੂੰ ਮਾਰਨ ਲਈ ਉਠਦਾ ਸੀ ਕਿ ਅੱਜ ਮੈਂਨੂੰ ਮੌਕਾ ਮਿਲਿਆ ਹੈ ਤਾਂ ਮੈਂ ਕਾਦੀਆਨੀ ਨੂੰ ਮਾਰਾਂ ਕਤਲ ਕਰ ਦਿਆਂ ਅਤੇ ਪੁੰਨ ਖਟੱਾਂ ਪਰ ਉਹ ਸਫ਼ਲ ਨ ਹੋ ਸਕਿਆ । ਕਹਿੰਦੇ ਹਨ ਮੈਂ ਉਸ ਨੂੰ ਬਹੁਤ ਸਬਰ ਨਾਲ ਤੇ ਸ਼ਾਂਤੀ ਨਾਲ ਉਸ ਦੀਆਂ ਸਾਰੀਆਂ ਗਲੱਾਂ ਸੁਣੀਆਂ । ਜੱਦ ਉਹ ਬਦਜ਼ੁਬਾਨੀ ਤੇ ਬਕਵਾਸ'ਤੇ

ਬਹੁਤਾ ਹੀ ਉਤਰ ਆਇਆ ਤਾਂ ਕਹਿੰਦੇ ਹਨ ਮੈਂ ਉਸ ਨੂੰ ਕਿਹਾ ਕਿ ਜੇਕਰ ਮੈਂ ਜਮਾਤ ਦਾ ਮੁਅਲੱਮ ਨਾ ਹੁੰਦਾ ਤਾਂ ਮਰਨ ਮਾਰਨ ਦੀ ਆਪਦੀ ਇਛੱਾ ਵੀ ਇਛੱਾ ਪੂਰੀ ਕਰ ਦਿੰਦਾ ਪਰ ਸਾਨੂੰ ਗਾਲ੍ਹਾਂ ਦੇ ਬਦਲੇ ਦੁਆਵਾਂ ਦੇਣ ਦੀ ਸਿੱਖਿਆ ਦਿੱਤੀ ਗਈ ਹੈ ਇਸ ਲਈ ਮੈਂ ਤੁਹਾਨੂੰ ਕੁਝ ਨਹੀਂ ਕਹਿੰਦਾ । ਬਹਿਰਹਾਲ ਉਹ ਚੁੱਪ ਹੋ ਗਿਆ ਅਤੇ ਇਹ ਵਾਰਨਿੰਗ ਉਹਨਾਂ ਨੂੰ ਦਿੱਤੀ ਕਿ ਅੱਜ ਦੇ ਬਾਦ ਜੇਕਰ ਇਸ ਪਿੰਡ ਵਿੱਚ ਤੂੰ ਦਿੱਸਿਆ ਤਾਂ ਬਹੁਤ ਭੈੜਾ ਹਾਲ ਹੋਵੇਗਾ । ਕਹਿੰਦੇ ਹਨ ਮੈਂ ਉਹਨਾਂ ਨੂੰ ਕੇਵਲ ਇਹ ਉਤੱਰ ਦਿਤੱਾ ਕਿ ਇਹ ਤਾਂ ਸਮਾਂ ਦੱਸੇਗਾ ਕਿ ਭੈੜਾ ਹਾਲ ਕਿਸਦਾ ਹੋਵੇਗਾ ਅਤੇ ਇਹ ਕਹਿ ਕੇ ਮੈਂ ਖ਼ਮੋਸ਼ੀ ਨਾਲ ਉਥੋਂ ਉਠੱਕੇ ਆ ਗਿਆ । ਇਹ ਵਿਅਕਤੀ ਨੇੜਲੇ ਪਿੰਡ ਵਿੱਚ ਵੀ ਅਹਮਦੀ ਲੋਕਾਂ ਨੂੰ ਕਹਿੰਦਾ ਸੀ ਕਿ ਕਾਦੀਆਨੀਯਤ (ਅਹਮਦੀਅਤ) ਛੱਡ ਦਿਓ ਪਰ ਲੋਕ ਇਸ ਦੀ ਗੱਲ'ਤੇ ਕੋਈ ਧਿਆਨ ਨਹੀਂ ਦਿੰਦੇ ਸਨ । ਬਰਿਹਾਲ ਕਹਿੰਦੇ ਹਨ ਮੈਂ ਰਮਜ਼ਾਨ ਦੇ ਬਾਦ ਪੰਦਰਾਂ ਦਿਨਾਂ ਦੀ ਛੁੱਟੀ ਲਈ, ਅਤੇ ਜੱਦ ਵਾਪਸ ਪਰਤਿਆਂ ਤਾਂ ਇਕ ਬਜ਼ੁਰਗ ਇਸਤਰੀ ਨੇ ਦੱਸਿਆ ਕਿ ਮੌਲਵੀ ਇਕਬਾਲ ਜਿਸਨੇ ਜਮਾਤ ਨੂੰ ਗਾਲ੍ਹਾਂ ਕੱਢੀਆਂ ਸਨ ਉਸ ਨੂੰ ਅਚਨਚੇਤ ਹਾਰਟ ਅਟੈਕ ਹੋਇਆ ਤੇ ਉਹ ਮਰ ਗਿਆ । ਇਸ ਘਟੱਨਾ ਨਾਲ ਨ ਕੇਵਲ ਜਮਾਤ ਦੇ ਲੋਕਾਂ ਦੇ ਇਮਾਨ ਵਿੱਚ ਵਾਧਾ ਹੋਇਆ ਸਗੋਂ ਇਸ ਛੋਟੇ ਜਿਹੇ ਪਿੰਡ ਵਿੱਚ ਜਮਾਤ ਤੋਂ ਬਿਨਾ ਦੂਜੇ ਮੁਸਲਮਾਨ ਵੀ ਬਹੁਤ ਪ੍ਰਭਾਵਤ ਹੋਏ ਕਿ ਅਸੀਂ ਆਪਣੀਆਂ ਅਖੱਾਂ ਨਾਲ ਇਹ ਰੱਬ ਦੀ ਪਖੱਤਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਦੇਖੀ ਹੈ ਅਤੇ ਝੁਠਲਾਉਣ ਵਾਲੇ ਨੂੰ ਜ਼ਲੀਲ ਤੇ ਰੁਸਵਾ ਹੁੰਦਿਆਂ ਅਤੇ ਮੁੱਕਦਿਆਂ ਦੇਖਿਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕੱਲ ਅਸੀਂ ਭੌਤਕ ਸੰਸਾਰ ਵਿੱਚ ਦੇਖਦੇ ਹਾਂ ਕਿ ਸੰਸਾਰਕ ਤਰੱਕੀ ਕਰਕੇ ਲੋਕ ਧਰਮ ਤੋਂ ਦੂਰ ਹੱਟ ਰਹੇ ਹਨ ਪਰ ਦੁਨੀਆ ਵਿੱਚ ਇਕ ਅਜਿਹਾ ਤਬਕਾ ਵੀ ਹੈ ਜੋ ਧਰਮ ਵੱਲ ਦਿਲਚਸਪੀ ਰਖੱਦਾ ਹੈ ਅਤੇ ਸਹੀ ਮਾਰਗ ਦੀ ਭਾਲ ਵਿਚ ਹੈ ਅਤੇ ਰੱਬ ਉਹਨਾਂ ਦੇ ਦਿਲਾਂ ਨੂੰ ਜਾਣਦਾ ਹੈ ਇਸ ਲਈ ਜ਼ਮਾਨੇ ਦੇ ਇਮਾਮ ਨੂੰ ਕਬੂਲ ਕਰਨ ਲਈ ਦਿਲ ਵੀ ਖੋਲਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਜੱਦ ਭੇਜਿਆ ਤਾਂ ਇਸੇ ਲਈ ਭੇਜਿਆ ਸੀ ਕਿ ਦੁਨੀਆ ਉਹਨਾਂ ਨੂੰ ਕੁਬੂਲ ਕਰੇ ਅਤੇ ਰੱਬ ਦੀ ਮਿਹਰ ਨਾਲ ਕੁਬੂਲ ਕਰ ਰਹੀ ਹੈ ।

ਆਇਵਰੀ ਕੋਸਟ ਦੇ ਮੁਬਲੱਗ਼ ਲਿਖੱਦੇ ਹਨ ਕਿ ਇਕ ਪਿੰਡ ਵਿੱਚ ਇਕ ਲੋਕਲ ਮੁਬਲੱਗ ਨਾਲ ਪ੍ਰਚਾਰ ਲਈ ਗਿਆ ਤਾਂ ਲੋਕਾਂ ਨੂੰ ਮਸੀਹ ਮੌਊਦ ਅਤੇ ਇਮਾਮ ਮਹਦੀ ਦੇ ਆਉਣ ਬਾਰੇ ਦੱਸਿਆ । ਕੁਝ ਸਮਾਂ ਬਾਦ ਜੱਦ ਮੁੜ੍ਹ ਉਸ ਪਿੰਡ ਗਏ ਤਾਂ ਇਮਾਮ ਸਮੇਤ ਪੰਦਰ੍ਹਾਂ ਲੋਕਾਂ ਨੇ ਅਹਮਦੀਅਤ ਕੁਬੂਲ ਕਰ ਲਈ । ਉਹਨਾਂ ਨੂੰ ਦੱਸਿਆ ਗਿਆ ਕਿ ਇਸ ਮਹੀਨੇ ਖ਼ੁਦੱਾਮੁਲ ਅਹਮਦੀਆ ਦਾ ਨੈਸ਼ਨਲ ਇਜਤਮਾ ਆਬੀਜਾਨ ਵਿੱਚ ਹੋ ਰਿਹਾ ਹੈ ਇਸ'ਤੇ ਪਿੰਡ ਵਾਲਿਆਂ ਨੇ ਕਿਹਾ ਕਿ ਇਕ ਵਿਅਕਤੀ ਨੂੰ ਆਬੀਜਾਨ ਭੇਜਿਆ ਤਾਂ ਜਮਾਤ ਨੂੰ ਨੇੜਿਓਂ ਦੇਖੇ ਕਿ ਇਹ ਲੋਕ ਕਿਹੋ ਜਿਹੇ ਹਨ, ਸੋ, ਇਸ ਪਿੰਡ ਵਿੱਚੋਂ ਇਕ ਵਿਅਕਤੀ ਇਜਤਮਾ ਵਿੱਚ ਸ਼ਾਮਲ ਹੋਇਆ ਅਤੇ ਆਬੀਜਾਨ ਤੋਂ ਪਰਤਕੇ ਜੋ ਕੁਝ ਉਸਨੇ ਦੇਖਿਆ ਸੀ ਉਹ ਲੋਕਾਂ ਨੂੰ ਦੱਸਿਆ ਕਿ ਇਹ ਲੋਕ ਕਿਵੇ ਰਹਿੰਦੇ ਹਨ ਅਤੇ ਕਿਵੇਂ ਪ੍ਰੇਮ ਤੇ ਪਿਆਰ ਅਤੇ ਭਾਈਚਾਰੇ ਨਾਲ ਵਾਤਾਵਰਣ ਸੀ ਇਸ ਦਾ ਬਹੁਤ ਚੰਗਾ ਪ੍ਰਭਾਵ ਹੋਇਆ । ਕੁਝ ਸਮੇਂ ਬਾਦ ਜੱਦ ਇਹ ਲੋਕ ਮੁੜ੍ਹ ਪ੍ਰਚਾਰ ਲਈ ਗਏ ਤਾਂ ਓਥੇ ਰਾਤ ਨਮਾਜ਼ ਇਸ਼ਾ ਦੇ ਬਾਦ ਅਤੇ ਸਵੇਰੇ ਫ਼ਜਰ ਦੀ ਨਮਾਜ਼ ਦੇ ਬਾਦ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਬਾਰੇ ਪ੍ਰਸ਼ਨ ਉਤੱਰ ਹੁੰਦੇ ਰਹੇ ਅਤੇ ਲੰਮਾ ਚਿਰ ਇਹ ਪ੍ਰਸ਼ਨ ਉਤੱਰ ਚਲਦੇ ਰਹੇ ਇਸ'ਤੇ

ਕਹਿੰਦੇ ਹਨ ਕਿ ਹੋਰ ਵਧੇਰੇ 26 ਲੋਕਾਂ ਨੇ ਜਮਾਤ ਅਹਮਦੀਆ ਨੂੰ ਕੁਬੂਲ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਇਸ ਪ੍ਰਕਾਰ ਓਥੇ 41 ਲੋਕਾਂ ਦੀ ਜਮਾਤ ਵੀ ਕਾਇਮ ਹੋ ਗਈ ।

ਫਿਰ ਵਿਰੋਧੀਆਂ ਦੇ ਅੰਜਾਮ ਅਤੇ ਰੱਬ ਦੀ ਪਖੱਤਾ ਦੀ ਇਕ ਘਟਨਾ ਵਰਨਣ ਕਰਦਿਆਂ ਹੋਇਆਂ ਬੈਨਿਨ ਦੇ ਹੀ ਮੁਬਲੱਗ਼ ਲਿਖੱਦੇ ਹਨ ਕਿ ਮੇਰੇ ਰੀਜਨ ਵਿੱਚ ਦੋ ਵੱਡੇ ਰੇਡੀਓ ਸਟੇਸ਼ਨਾ ਰਾਹੀਂ ਸਪਤਾਹਕ ਜਮਾਤੀ ਪ੍ਰਚਾਰ ਦਾ ਪ੍ਰੋਗਰਾਮ ਅਰੰਭ ਹੈ ਅਤੇ ਖੇਤਰ ਦੀ ਇਕ ਵੱਡੀ ਗਿਣਤੀ ਤੱਕ ਰੱਬ ਦੀ ਮਿਹਰ ਨਾਲ ਜਮਾਤ ਦਾ ਸੰਦੇਸ਼ ਪਹੁੰਚ ਰਿਹਾ ਹੈ । ਇਕ ਰੇਡੀਓ ਸਟੇਸ਼ਨ'ਤੇ ਹਰ ਬੁਧੱਵਾਰ ਨੂੰ ਤੀਹ ਮਿੰਟ ਦਾ ਪ੍ਰੋਗਰਾਮ ਨਸ਼ਰ ਹੁੰਦਾ ਸੀ ਪਰ ਇਸ ਰੇਡੀਓ ਚੈਨਲ ਦਾ ਵਾਇਸ ਡਾਇਰੈਕਟਰ ਸਾਡੀ ਜਮਾਤ ਦੀ ਵਿਰੋਧਤਾ ਕੀਤਾ ਕਰਦਾ ਸੀ ਅਤੇ ਸਾਡੇ ਪ੍ਰੋਗਰਾਮ ਵਿੱਚ ਰੋਕ ਪੈਦਾ ਕਰਨ ਦਾ ਜਤਨ ਕਰਦਾ ਸੀ, ਰੱਬ ਦੀ ਕਰਨੀ ਅਜਿਹੀ ਹੋਈ ਕਿ ਇਸੇ ਰੇਡੀਓ ਸਟੇਸ਼ਨ ਵਿੱਚ ਰੇਡੀਓ ਵਿੱਚ ਕਰਪਸ਼ਨ ਦੇ ਆਰੋਪ ਵਿੱਚ ਅਦਾਲਤ ਨੇ ਉਸਨੂੰ ਕੈਦ ਦਾ ਦੰਡ ਸੁਣਾ ਦਿਤੱਾ ਜੋ ਨਵੇਂ ਵਾਇਸ ਡਾਇਰੈਕਟਰ ਬਣੇ, ਉਹਨਾਂ ਨੂੰ ਅਸੀਂ ਆਪਣੇ ਮਿਸ਼ਨ ਆਉਣ ਦੀ ਦਾਵਤ ਦਿੱਤੀ ਅਤੇ ਉਹਨਾਂ ਨੂੰ ਜਮਾਤੀ ਅਤੇ ਇਸਲਾਮੀ ਆਸਥਾਵਾਂ ਬਾਰੇ ਦੱਸਿਆ ਗਿਆ ਕੁਝ ਲਿਟ੍ਰੇਚਰ ਵੀ ਪੜ੍ਹਨ ਲਈ ਦਿੱਤਾ ਗਿਆ ਅਤੇ ਆਪਣੇ ਪ੍ਰਚਾਰ ਦਾ ਉਦੇਸ਼ ਦੱਸਿਆ ਗਿਆ । ਇਸ ਦੇ ਬਾਦ ਉਹ ਕੁਝ ਸਮੇਂ ਤੱਕ ਸਾਡੇ ਪ੍ਰਚਾਰਕ ਪ੍ਰੋਗਰਾਮ ਸੁਣਦੇ ਰਹੇ । ਇਉਂ ਕੁਝ ਸਮਾਂ ਪਾਕੇ ਜੱਦ ਉਹਨਾਂ ਨਾਲ ਮੁਝ੍ ਮੁਲਾਕਾਤ ਹੋਈ ਤਾਂ ਇਹ ਨਵੇਂ ਡਾਇਰੈਕਟਰ ਕਹਿਣ ਲੱਗੇ ਕਿ ਮੈਂ ਆਪਦੇ ਪ੍ਰਚਾਰ ਤੋਂ ਬਹੁਤ ਪ੍ਰਭਾਤ ਹੋਇਆਂ ਹਾਂ । ਆਪਦੇ ਪ੍ਰਚਾਰ ਦਾ ਢੰਗ ਬਹੁਤ ਮਨਮੋਹਕ ਹੈ । ਮੈਂ ਆਪ ਨੂੰ ਇਸੇ ਰਕਮ ਵਿੱਚ ਜੋ ਆਪ ਇਕ ਪ੍ਰੋਗਰਾਮ ਲਈ ਦੇ ਰਹੇ ਹਨ ਇਕ ਹੋਰ ਸਪਤਾਹਕ ਪ੍ਰੋਗਰਾਮ ਪੱਕੇ ਤੌਰ'ਤੇ ਫ਼੍ਰੀ ਦਿੰਦਾ ਹਾਂ ਤਾਂ ਜੋ ਧਰਮ ਦੀ ਅਸਲੀ ਸਿੱਖਿਆ ਸਾਧਾਰਣ ਲੋਕਾਂ ਤੱਕ ਪਹੁੰਚ ਸਕੇ ਅਤੇ ਇਸਲਾਮ ਬਾਰੇ ਗ਼ਲਤ ਆਸਥਾਵਾਂ ਦੂਰ ਹੋ ਸਕਣ । ਕਿੱਥੇ ਤਾਂ ਪ੍ਰੋਗਰਾਮ ਨੂੰ ਜਾਰੀ ਰਖੱਣ ਦੀ ਚਿੰਤਾ ਸੀ ਅਤੇ ਕਿੱਥੇ ਰੱਬ ਨੇ ਅਜਿਹੀ ਮਿਹਰ ਕੀਤੀ ਕਿ ਇਸੇ ਖਰਚੇ ਵਿੱਚ ਬਹੁਤੇ ਸਮੇਂ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਅਤੇ ਇਸਲਾਮ ਦਾ ਹਕੀਕੀ ਸੰਦੇਸ਼ ਪਹੁੰਚਾਉਣ ਦਾ ਸਾਨੂੰ ਮੌਕਾ ਮਿਲ ਗਿਆ ।

ਫਿਰ ਰੱਬ ਦੇ ਆਪ ਲੋਕਾਂ ਦੇ ਦਿਲਾਂ ਨੂੰ ਖੋਲਣ ਦੀ ਇਕ ਘਟਨਾ ਹੈ । ਇਹ ਮਿਸਰ ਦੇ ਇਕ ਸਜੱਣ ਹਨ ਅਹਮਦ ਸਾਹਬ ਕਹਿੰਦੇ ਹਨ ਇਸਲਾਮ ਦੀ ਸਹੀ ਅਤੇ ਸਾਦਾ ਵਿਆਖਿਆ ਕਰਨ'ਤੇ ਮੈਂ ਆਪ ਲੋਕਾਂ ਦੀ ਦਾਦ ਦਿੰਦਾ ਹਾਂ ਆਪ ਜੋ ਪੇਸ਼ ਕਰਦੇ ਹਨ ਉਹ ਰਸੂਲੁਲੱਾਹ ਸਲਲੱਹੁ ਅਲੈਹਿ ਵਸਲਮ ਰਹਮਾਤੁਲ ਲਿਲਆਲਾਮੀਨ ਦਾ ਹਕੀਕੀ ਇਸਲਾਮ ਹੈ । ਅਸੀਂ ਲੋਕ ਦਾਇਸ਼ ਅਤੇ ਉਸ ਕਿਰਦਾਰ ਤੋਂ ਥੱਕ ਚੁਕੇ ਹਾਂ ਅਤੇ ਕਾਸ਼ ਕਿ ਅਸੀਂ ਸਾਰਿਆਂ ਲੋਕਾਂ ਦੀਆਂ ਸੋਚਾਂ ਆਪ ਲੋਕਾਂ ਜਿਹੀਆਂ ਹੋ ਜਾਣ । ਕਹਿੰਦੇ ਹਨ ਕਿ ਮੈਂ ਪ੍ਰੋਗਰਾਮ ਵਿੱਚ ਦੱਸੇ ਗਏ ਤਰੀਕੇ ਅਨੁਸਾਰ ਦੋ ਰਕਅਤਾਂ ਇਸਤਿਖ਼ਾਰੇ ਦੀ ਨਮਾਜ਼ ਦੀਆਂ ਪੜ੍ਹੀਆਂ, ਇਸੇ ਹੀ ਰਾਤ ਸੁਪਨੇ ਵਿੱਚ ਦੇਖਿਆ ਕਿ ਮੇਰੇ ਘਰ ਦੇ ਸਾਹਮਣਿਓ ਸਾਰੇ ਘਰ ਹੱਟ ਰਹੇ ਹਨ ਏਥੋਂ ਤੱਕ ਕਿ ਮੇਰੇ ਘਰ ਦੇ ਸਾਹਮਣੇ ਖਾਲੀ ਥਾਂ ਬਣ ਗਈ । ਫਿਰ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਘਰ ਨੂੰ ਦੇਖਿਆ ਜੋ ਆਪ ਅਧਿਕਤਰ ਆਪਣੇ ਪ੍ਰਗਰਾਮਾ ਦੀ ਬੈਕ ਸਿਕਰੀਨ ਉਪੱਰ ਦਿਖਾਉਂਦੇ ਰਹਿੰਦੇ ਹਨ ਦਾਰੁਲ ਮਸੀਹ ਦਾ ਖੇਤਰ ਕਾਦੀਆਂ ਦਾ ਹੈ । ਕਹਿੰਦੇ ਹਨ ਉਹ ਮੈਂ ਸੁਪੱਨੇ ਵਿੱਚ ਦੇਖਿਆ, ਕਹਿੰਦੇ ਹਨ ਮੈਂ ਉਸ ਘਰ ਨੂੰ ਅਰਥਾਤ ਦਾਰੁਲ ਮਸੀਹ ਦੇ ਖੇਤਰ ਨੂੰ ਧਰਤੀ ਵਿੱਚੋਂ ਪੌਦੇ ਵਾਂਗ ਨਿਕਲਦਿਆਂ ਹੋਇਆ ਦੇਖਦਾ ਹਾਂ ਅਤੇ ਮੈਂ ਹੈਰਾਨ ਸੀ ਕਿ ਇਹ ਕਿਵੇਂ ਨਿਕਲ ਰਿਹਾ ਹੈ । ਫਿਰ ਮੈਂ ਉਸ ਵਿੱਚੋਂ ਨੂਰ ਨੂੰ ਨਿਕਲਦਿਆਂ ਹੋਇਆਂ ਦੇਖਿਆ, ਫਿਰ ਮੈਂ ਲੋਕਾਂ ਨੂੰ ਕਹਿੰਦਿਆਂ ਹੋਇਆ ਸੁਣਿਆ ਕਿ ਦਿਨੇ ਚੰਨ੍ਹ ਚੜ੍ਹਿਆ ਹੈ । ਮੈਂ

ਆਪਣੇ ਪਿੱਛੇ ਦੇਖਿਆ ਕਿ ਸੂਰਜ ਵੀ ਨਿਕਲਿਆ ਹੋਇਆ ਸੀ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਸੂਰਜ ਤੇ ਚੰਨ੍ਹ ਦੋਨੋ ਨਿਕਲੇ ਹਨ ਮੈਂ ਬਹੁਤ ਖ਼ੁਸ਼ ਹੋਇਆ ਕਿਉਂਕਿ ਪਹਿਲੀ ਵਾਰ ਮੈਂ ਅਜਿਹਾ ਇਸਤਿਖ਼ਾਰਾ ਕੀਤਾ ਅਤੇ ਰੱਬ ਤੋਂ ਉਤੱਰ ਪ੍ਰਾਪਤ ਕੀਤਾ । ਭਾਵੇਂ ਜੇਕਰ ਮੈਂ ਪਹਿਲਾਂ ਤੋਂ ਮੁਸਲਮਾਨ ਸੀ ਪਰ ਪਹਿਲੀ ਵਾਰ ਰੱਬ ਦੀ ਨੇੜਤਾ ਪ੍ਰਾਪਤ ਕਰ ਪਾ ਰਿਹਾ ਹਾਂ ਅਤੇ ਇਹ ਕੇਵਲ ਜਮਾਤ ਅਹਮਦੀਆ ਕਰਕੇ ਹੀ ਹੈ, ਮੈਂ ਆਪ ਲੋਕਾਂ ਦਾ ਧੰਨਵਾਦੀ ਹਾਂ ।

ਫਿਰ ਰੋਯਾ (ਸੁਪਨਿਆਂ) ਰਾਹੀਂ ਰੱਬ ਕਿਵੇਂ ਮਾਰਗ ਦਰਸ਼ਨ ਕਰਦਾ ਹੈ ਇਸ ਬਾਰੇ ਯਮਨ ਦੀ ਇਕ ਇਸਤਰੀ ਇਮਾਨ ਸਾਹਿਬਾ ਕਹਿੰਦੀ ਹਨ ਕਿ ਮੈਂਨੂੰ ਚੜ੍ਹਦੀ ਉਮਰ ਤੋਂ ਹੀ ਇਮਾਮ ਮਹਦੀ ਦੇ ਜ਼ਮਾਨੇ ਤੱਕ ਜੀਉਂਦੇ ਰਹਿਣ ਦੀ ਇਛੱਾ ਸੀ ਅਤੇ ਇਸ ਲਈ ਦੁਆ ਕਰਦੀ ਰਹਿੰਦੀ ਸੀ । ਇਕ ਦਿਨ ਅਰਬੀ ਚੈਨਲ ਦੇਖ ਰਹੀ ਸੀ ਕਿ ਉਸ’ਤੇ ਇਕ ਧਾਰਮਕ ਪ੍ਰੋਗਰਾਮ ਵਿੱਚ ਇਕ ਪ੍ਰਸਿੱਧ ਮੌਲਵੀ ਤੋਂ ਕਿਸੇ ਨੇ ਜਮਾਤ ਅਹਮਦੀਆ ਦਾ ਨਾਂ ਲੈਕੇ ਪੁੱਛਿਆ ਕਿ ਇਸ ਦਾ ਦਾਵਾ ਹੈ ਕਿ ਇਮਾਮ ਮਹਦੀ ਆ ਚੁਕੇ ਹਨ ਅਤੇ ਓਹਨਾਂ ਦੇ ਬਾਦ ਖ਼ਿਲਾਫ਼ਤ ਕਾਇਮ ਹੋ ਚੁਕੀ ਹੈ । ਮੌਲਵੀ ਸਾਹਬ ਨੇ ਉਤੱਰ ਦਿੱਤਾ ਕਿ ਇਹ ਲੋਕ ਝੂਠੇ ਭਰਮਾ ਦੇ ਸ਼ਿਕਾਰ ਹਨ, ਝੂਠੇ ਲੋਕ ਹਨ ਇਸ ਲਈ ਆਪ ਇਹਨਾ ਚਕਰਾਂ ਵਿਚ ਪੈਣ ਦੀ ਥਾਂ ਆਪਣਾ ਸਾਧਾਰਣ ਜੀਵਨ ਬਤੀਤ ਕਰਨ । ਕਿਉਕਿ ਜੱਦ ਇਮਾਮ ਮਹਦੀ ਆਏਗਾ ਤਾਂ ਸਾਰਿਆਂ ਨੂੰ ਪਤਾ ਚਲ ਜਾਵੇਗਾ ਉਹਨਾਂ ਢੂੰਢਣ ਦੀ ਲੋੜ ਨਹੀਂ ਰਹੇਗੀ । ਕਹਿੰਦੀ ਹਨ ਇਹ ਗੱਲ ਮੇਰੀ ਸੋਚ ਵਿੱਚ ਅਟਕ ਗਈ ਅਤੇ ਫਿਰ ਇਕ ਦਿਨ 2009ਈ. ਵਿੱਚ ਮੇਰੇ ਛੋਟੇ ਭਾਈ ਨੇ ਮੈਂਨੂੰ ਦੱਸਿਆ ਕਿ ਉਸ ਨੇ ਇਕ ਚੈਨਲ ਦੇਖਿਆ ਹੈ ਕਿ ਕੁਝ ਲੋਕ ਇਮਾਮ ਮਹਦੀ ਦੇ ਪ੍ਰਕਟ ਹੋਣ ਦਾ ਐਲਾਨ ਕਰ ਰਹੇ ਸਨ । ਇਹ ਸੁਣਦਿਆਂ ਹੀ ਮੈਂਨੂੰ ਉਪਰੋਕਤ ਮੌਲਵੀ ਸਾਹਬ ਤੋਂ ਪੁੱਛਿਆ ਗਿਆ ਪ੍ਰਸ਼ਨ ਅਤੇ ਉਹਨਾਂ ਦਾ ਉਤੱਰ ਚੇਤੇ ਆ ਗਿਆ ਅਤੇ ਮੈਂ ਸਮਝ ਗਈ ਕਿ ਵਾਸਤਵ ਵਿੱਚ ਪ੍ਰਸ਼ਨ ਇਮਾਮ ਮਹਦੀ ਦੇ ਪ੍ਰਕਟ ਹੋਣ ਦਾ ਐਲਾਨ ਕਰਨ ਵਾਲੀ ਇਸ ਜਮਾਤ ਬਾਰੇ ਸੀ । ਕਹਿੰਦੀ ਹਨ ਕਿ ਮੈਂ ਆਪਣੇ ਭਾਈ ਤੋਂ ਇਸ ਚੈਨਲ ਦੀ ਫ਼੍ਰੀਕੁਅੰਸੀ ਲਈ ਅਤੇ ਫਿਰ ਜੱਦ ਇਹ ਚੈਨਲ ਲਾਇਆ ਤਾਂ ਓਥੇ ਪ੍ਰੋਗਰਾਮ ‘ਅਲਹਵਾਰੁਲ ਮੁਬਾਸ਼ਰ’ ਲਗੱਾ ਹਇਆ ਸੀ । ਮੈਂ ਇਸ ਪ੍ਰੋਗਰਾਮ ਵਿੱਚ ਭਾਗ ਲੈਂਣ ਵਾਲਿਆਂ ਨੂੰ ਇਕ ਇਕ ਕਰਕੇ ਬਹੁਤ ਗਹਿਰੀ ਦ੍ਰਿਸ਼ਟੀ ਨਾਲ ਦੇਖਿਆ, ਉਹਨਾਂ ਦੇ ਚਿਹਰਿਆਂ’ਤੇ ਅਜੀਬ ਚਮਕ ਤੇ ਨੂਰ ਸੀ ਪਰ ਮੈਂਨੂੰ ਉਹਨਾਂ’ਤੇ ਤਰਸ ਆਇਆ ਕਿ ਐਨੇ੍ਹ ਸਮਝਦਾਰ ਹੁੰਦਿਆਂ ਹੋਇਆਂ ਵੀ ਇਹ ਲੋਕ ਰਸਤਾ ਭਟਕ ਗਏ ਹਨ । ਭਾਵ ਮੈਂ ਕਿਹਾ ਅੱਜ ਤਾਂ ਸਾਨੂੰ ਏਕਤਾ ਦੀ ਲੋੜ ਹੈ ਪਰ ਇਹਨਾਂ ਨੇ ਆਣਕੇ ਇਕ ਫਿਰਕਾ ਬਣਾ ਲਿਆ ਹੈ, ਕੀ ਇਸਲਾਮ ਵਿੱਚ ਇਸ ਤੋਂ ਪਹਿਲਾਂ ਫਿਰਕੇ ਘੱਟ ਸਨ । ਇਹ ਅਹਿਸਾਸ ਹੁੰਦਿਆਂ ਹੋਇਆਂ ਵੀ ਜੱਦ ਮੈਂ ਉਹਨਾਂ ਦੀਆਂ ਗੱਲਾਂ ਸੁਣੀਆਂ ਤਾਂ ਉਹ ਮੇਰੇ ਦਿਲ ਨੂੰ ਲੱਗੀਆਂ । ਕਹਿੰਦੀ ਹਨ ਕਿ ਪ੍ਰੋਗਰਾਮ ਖ਼ਤਮ ਹੋਣ ਦੇ ਬਾਦ ਇਕ ਕਸੀਦਹ (ਕਵਿਤਾ) ਪੇਸ਼ ਕੀਤਾ ਗਿਆ ਜਿਸ ਬਾਰੇ ਇਹ ਲਿੱਖਿਆ ਸੀ ਕਿ ਇਹ ਇਮਾਮ ਮਹਦੀ ਦਾ ਲਿੱਖਿਆ ਹੋਇਆ ਹੈ ਇਸ ਕਸੀਦੇ ਦਾ ਪ੍ਰਭਾਵ ਅਸਾਧਾਰਣ ਸੀ । ਮੈਂ ਆਪਣੇ ਪਤੀ ਦੇ ਨਾਲ ਇਸ ਚੈਨਲ ਨੂੰ ਦੇਖਣ ਲੱਗੀ । ਪ੍ਰਤੀਦਿਨ ਸਾਡਾ ਇਸ ਚੈਨਲ ਨਾਲ ਲਗਾਉ ਵਧੱਦਾ ਗਿਆ ਏਥੋਂ ਤੱਕ ਕਿ ਕੁਝ ਹੀ ਦਿਨਾਂ ਵਿੱਚ ਸਾਡੇ ਘਰ ਵਿੱਚ ਬਾਕੀ ਸਾਰੇ ਚੈਨਲ ਬੰਦ ਹੋ ਗਏ ਅਤੇ ਕੇਵਲ ਐਮ.ਟੀ.ਏ. ਚਲੱਣ ਲਗੱਾ । ਸਾਡੇ ਘਰ ਦਾ ਹਰ ਵਿਅਕਤੀ ਇਸ ਚੈਨਲ ਉਪੱਰ ਦੱਸੇ ਜਾਣ ਵਾਲੇ ਹਿਤਾਂ ਨੂੰ ਪਸੰਦ ਕਰਨ ਲਗੱਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕਲਾਮ ਦਾ ਪ੍ਰਭਾਵ ਹੀ ਕੁਝ ਅਜੀਬ ਸੀ । ਆਪ ਦਾ ਕਸੀਦਹ ਸੁਣਦਿਆਂ ਹੋਇਆਂ ਮੇਰੀਆਂ ਅੱਖਾਂ ਵਿੱਚੋਂ ਹੰਝੂ ਤੁਰ ਪੈਂਦੇ ਸਨ ਕਿਉਂਕਿ ਇਹ ਸ਼ਬਦ ਕਿਸੇ ਰੱਬ ਵੱਲੋਂ ਆਉਣ ਵਾਲੇ ਦੇ ਮੂੰਹੋਂ ਹੀ ਨਿਕਲ ਸਕਦੇ ਹਨ । ਕਿਸੇ ਸਾਧਾਰਣ ਵਿੱਕਤੀ ਦੇ ਵੱਸ ਦੀ ਗੱਲ ਨਹੀਂ ਕਿ

ਅਜਿਹਾ ਪ੍ਰਭਾਵੀ ਤੇ ਢੁਕੱਵਾਂ ਕਲਾਮ ਕਹਿ ਸਕੇ । ਕਹਿੰਦੀ ਹਨ ਸਾਰਿਆਂ ਕਾਰਜਾਂ ਬਾਰੇ ਤਸੱਲੀ ਕਰ ਲੈਂਣ ਦੇ ਬਾਦ ਮੈਂ ਜਨਵਰੀ 2010 ਈ ਵਿੱਚ ਬੈਅਤ ਦਾ ਪਤੱਰ ਲਿੱਖ ਦਿੱਤਾ ਅਤੇ ਫਿਰ ਕਹਿੰਦੀ ਹਨ ਕਿ ਮੇਰੇ ਪਤੀ ਨੇ ਇੰਟਰਨੈਟ ਕੈਫ਼ੇ ਤੋਂ ਅਨੇਕਾਂ ਵਾਰੀ ਪਤਰੱ ਭੇਜਣ ਦਾ ਜਤਨ ਕੀਤਾ ਪਰ ਸਫ਼ਲਤਾ ਨ ਹੋਈ । ਕਹਿੰਦੀ ਹਨ ਉਸ ਸਮੇਂ ਜੱਦ ਇਹ ਸਫ਼ਲਤਾ ਨਹੀਂ ਹੋ ਰਹੀ ਸੀ ਮੈਂਨੂੰ ਆਪਣੇ ਬਚਪੁਣੇ ਦਾ ਇਕ ਸੁਪਨਾ ਚੇਤੇ ਆ ਗਿਆ ਕਿ ਇਕ ਮਾਰੂਥਲੀ ਧਰਤੀ ਵਿੱਚ ਮੈਂਨੂੰ ਇਕ ਆਪਣੇ ਸਾਹਮਣੇ ਇਕ ਬਹੁਤ ਲੰਮੀ ਪਰਛਾਈਂ ਦਿਖਾਈ ਦਿੰਦੀ ਹੈ ਜਿਸ ਬਾਰੇ ਮੈਂ ਸੁਪਨੇ ਵਿੱਚ ਹੀ ਇਹ ਅਹਿਸਾਸ ਹੁੰਦਾ ਹੈ ਕਿ ਇਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਪ੍ਰਤੀਬਿੰਬ ਹੈ ਇਹ ਪਰਛਾਈ ਮੇਰੀ ਵੱਲ ਹੱਥ ਵਧਾਉਂਦੀ ਹੈ ਜਿਸ ਨੂੰ ਫੜਨ ਲਈ ਮੈਂ ਦੌੜਦੀ ਹਾਂ ਇਸੇ ਕਾਹਲੀ ਵਿੱਚ ਮੈਂ ਕਦੇ ਡਿਗੱਦੀ ਹਾਂ ਅਤੇ ਫਿਰ ਉਠੱਕੇ ਦੌੜਨਾ ਸ਼ੁਰੂ ਕਰ ਦਿੰਦੀ ਹਾਂ । ਕਹਿੰਦੀ ਹਨ ਅਜਿਹੇ ਸਮੇਂ ਮੇਰੀ ਅੱਖ ਖੁਲ੍ਹੱ ਜਾਂਦੀ ਹੈ । ਕਹਿੰਦੀ ਹਨ ਕਿ ਮੇਰਾ ਵਿਚਾਰ  ਹੈ ਇਸ ਸੁਪਨਾ ਵਿੱਚ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਦੇ ਪ੍ਰਤੀਬਿੰਬ ਤੋਂ ਭਾਵ ਮਸੀਹ ਮੌਊਦ ਅਲੈਹਿ ਸਲਾਮ ਸਨ ਜੋ ਪ੍ਰਤੀਬਿੰਬਤ ਰੂਪ ਵਿੱਚ ਆਪਦੇ ਕਮਾਲਾਤ ਦਾ ਪ੍ਰਤੀਬਿੰਬ ਹਨ ਅਤੇ ਪ੍ਰਕੀਬਿੰਬਤ ਨਬੀ ਹਨ ਅਤੇ ਇਹ ਕੇਵਲ ਰੱਬ ਦੀ ਮਿਹਰ ਹੈ ਕਿ ਉਸ ਨੇ ਮੈਂਨੂੰ ਜਤਨ ਕਰਕੇ ਆਪ ਦਾ ਹੱਥ ਫੜਨ ਦਾ ਸੰਜੋਗ ਪ੍ਰਦਾਨ ਕੀਤਾ ਹੈ ਕਿਉਂਕਿ ਕਈ ਜਤਨਾਂ ਦੀ ਅਸਫ਼ਲਤਾ ਦੇ ਬਾਦ ਅਖ਼ੀਰ ਮਾਰਚ 2010 ਈ. ਵਿੱਚ ਅਸੀਂ ਬੈਅਤ ਭੇਜਣ ਵਿੱਚ ਸਫ਼ਲ ਹੋ ਗਏ । ਫਿਰ ਕਹਿੰਦੀ ਹਨ ਕਿ ਜੱਦ ਤੋਂ ਬੈਅਤ ਕੀਤੀ ਹੈ ਇਲਾਹੀ ਮਿਹਰਾਂ ਦੀ ਵਰਖਾ ਵਾਂਗ ਹੋ ਰਹੀਆਂ ਹਨ ਅਤੇ ਕੁਦਰਤ ਦੇ ਅਦਭੁਤ ਨਜ਼ਾਰੇ ਏਨ੍ਹੇ ਦਿਖਾਈ ਦਿੰਦੇ ਹਨ ਕਿ ਜਿੰਨ੍ਹਾ ਦੇ ਵਰਨਣ ਤੋਂ ਸਾਡੇ ਮੂੰਹ ਵਿਨਮ੍ਰ ਹਨ । ਵਾਸਤਵ ਵਿੱਚ ਉਹ ਬਹੁਤ ਅਦਭੁੱਤ ਕਰਾਮਾਤਾ ਵਾਲਾ ਰੱਬ ਹੈ । ਮੈਂ ਜੱਦ ਵੀ ਦੁਆ ਕੀਤੀ ਹੈ ਪਰਵਾਨਗੀ ਦੇ ਨਿਸ਼ਾਨ ਦੇਖੇ  ਹਨ, ਸਾਡਾ ਰੱਬ ਬਹੁਤ ਹੀ ਮਿਹਰਬਾਨ ਹੈ । ਫਿਰ ਅੱਗੇ ਲਿਖੱਦੀ ਹਨ ਕਿ ਆਪ ਦੀ ਅਤੇ ਸਾਰਿਆਂ ਮੋਮਨਾਂ ਦਾ ਪਿਆਰ ਮੇਰੇ ਮਨ ਵਿੱਚ ਮੇਰੇ ਆਪੇ ਵਿੱਚ ਅਤੇ ਪਰਿਵਾਰ ਤੇ  ਸੰਤਾਨ ਵਿੱਚ ਅਤੇ ਸਾਰਿਆਂ ਲੋਕਾਂ ਦੀ ਠੰਡੇ ਪਾਣੀ ਤੋਂ ਵੀ ਵੱਧ ਹੋ ਗਈ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ  : ਖ਼ੁਦਾ ਤਆਲਾ ਵਿਰੋਧਤਾਵਾਂ ਹੁੰਦਿਆਂ ਹੋਇਆਂ ਵੀ ਸ਼ੈਤਾਨੀ ਹਮਲਿਆਂ ਤੋਂ ਸੁਚੇ ਸੁਭਾਵੀ ਲੋਕਾਂ ਦਾ ਮਾਰਗਦਰਸ਼ਨ ਕਰਦਾ ਹੈ ਅਤੇ ਉਹਨਾਂ ਦੇ ਸੀਨੇ ਖੋਲਦਾ ਹੈ ਅਤੇ ਅਹਮਦੀਅਤ ਕੁਬੂਲ ਕਰਨ ਦੀ ਤੌਫ਼ੀਕ ਪ੍ਰਦਾਨ ਕਰਦਾ ਹੈ । ਅਸੰਖ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਜੱਦ ਰੱਬ ਆਪ ਪਕੜਕੇ ਅਹਮਦੀਅਤ ਕੁਬੂਲ ਕਰਨ ਦੀ ਤੌਫ਼ੀਕ ਪ੍ਰਦਾਨ ਕਰਦਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪਖੱਤਾ ਤੇ ਸਹਾਇਤਾ ਦੇ ਨਜ਼ਾਰੇ ਦਿਖਾਂਉਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਰੱਬ ਨੇ ਫ਼ਰਮਾਇਆ ਸੀ ਕਿ ਤੇਰੇ ਨਾਂ ਨੂੰ ਉਸ ਦਿਨ ਤੱਕ ਜੱਦ ਦੁਨੀਆ ਖ਼ਤਮ ਹੋ ਜਾਵੇ ਸਨਮਾਨ ਨਾਲ ਕਾਇਮ ਰੱਖੇਗਾ ਅਤੇ ਤੇਰਾ ਨਿਮੰਤਰਣ ਧਰਤੀ ਦੇ ਕੰਢਿਆਂ ਤੱਕ ਪਹੁੰਚਾ ਦੇਵੇਗਾ ਫਿਰ ਫ਼ਰਮਾਇਆ ਉਹ ਲੋਕ ਜੋ ਤੇਰੀ ਜ਼ਿਲੱਤ ਦੀ ਚਿੰਤਾ ਵਿੱਚ ਲੱਗੇ ਹੋਏ ਹਨ ਅਤੇ ਤੇਰੇ ਅਸਫ਼ਲ ਰਹਿਣ'ਤੇ ਤੁਲੇ ਹੋਏ ਹਨ ਅਤੇ ਤੈਨੂੰ ਖ਼ਤਮ ਕਰਨ ਦੇ ਵਿਚਾਰ ਵਿੱਚ ਹਨ ਉਹ ਆਪ ਅਸਫ਼ਲ ਹੋਣਗੇ ਅਤੇ ਅਸਫ਼ਲਤਾ ਤੇ ਨਾਮੁਰਾਦੀ ਨਾਲ ਮਰਨਗੇ ।

ਸੋ, ਰੱਬ ਇਸ ਅਨੁਸਾਰ ਪ੍ਰਤੀਦਿਨ ਜਮਾਤ ਵਿੱਚ ਸਰੱਾਈ ਤੇ ਵਫ਼ਾਦਾਰੀ ਨਾਲ ਸ਼ਾਮਲ ਹੋਣ ਦੀ ਹਰ ਸੱਚੇ ਨੂੰ ਹਰ ਅਹਮਦੀ ਨੂੰ ਤੌਫ਼ੀਕ ਪ੍ਰਦਾਨ ਕਰੇ ਅਤੇ ਜੱਦ ਅਸੀਂ ਦੇਖਦੇ ਹਾਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਗਏ ਅਸੰਖ ਵਾਦੇ ਪੂਰੇ ਵੀ ਹੋਏ ਹਨ ਤਾਂ ਇੰਸ਼ਾਅਲੱਾਹ ਤਆਲਾ ਜੋ ਅਧਿਕਤਾ ਦਾ ਵਾਦਾ ਹੈ ਇਹ ਵੀ ਪੂਰਾ

ਹੋਵੇਗਾ । ਲੋੜ ਇਸ ਗੱਲ ਦੀ ਹੈ ਕਿ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨ ਲਈ ਅਸੀਂ ਆਪਣੇ ਆਚਰਣ ਵਿੱਚ ਵਾਧਾ ਕਰੀਏ ਤਾਂ ਜੋ ਅਲੱਾਹ ਤਆਲਾ ਦੀਆਂ ਮਿਹਰਾਂ ਦੇ ਵਾਰਸ ਬਣਨ ਵਾਲੇ ਬਣੀਏ । ਰੱਬ ਇਸ ਦੀ ਤੌਫ਼ੀਕ ਵੀ ਸਾਨੂੰ ਪ੍ਰਦਾਨ ਕਰੇ । ਇਕ ਕਥਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਪੇਸ਼ ਕਰਦਾ ਹਾਂ, ਆਪ ਫ਼ਰਮਾਉਂਦੇ ਹਨ ਕਿ

ਕੀ ਉਹ ਸਮਝਦੇ ਹਨ ਅਰਥਾਤ ਵਿਰੋਧੀ ਕਿ ਆਪਣੇ ਮਨਸੂਬਿਆਂ ਨਾਲ ਅਤੇ ਆਪਣੇ ਆਧਾਰ ਰਹਿਤ ਝੂਠ ਨਾਲ ਆਪ ਘੜੇ ਝੂਠ ਨਾਲ ਅਤੇ ਆਪਣੇ ਹਾਸੇ ਤੇ ਠੱਠਿਆਂ ਨਾਲ ਰੱਬ ਦੇ ਇਰਾਦਿਆਂ ਨੂੰ ਰੋਕ ਦੇਣਗੇ ਜਾਂ ਦੁਨੀਆ ਨੂੰ ਧੋਖਾ ਦੇਕੇ ਉਸ ਰੋਗ ਨੂੰ ਪਿੱਛੇ ਪਾ ਦਣਗੇ । ਇਸ ਦਾ ਰੱਬ ਨੇ ਆਕਾਸ਼ ਉਪੱਰ ਨਿਸ਼ਚਾ ਕੀਤਾ ਹੋਇਆ ਹੈ । ਜੇਕਰ ਪਹਿਲਾਂ ਕਦੇ ਸਚੱਾਈ ਦੇ ਵਿਰੋਧੀਆਂ ਨੂੰ ਸਫ਼ਲਤਾ ਹੋਈ ਹੈ ਤਾਂ ਸਫ਼ਲ ਹੋ ਜਾਣਗੇ । ਜੇਕਰ ਸਚੱਾਈ ਦੇ ਜੋ ਵਿਰੋਧੀ ਹਨ ਜੇਕਰ ਪਹਿਲਾਂ ਸਫ਼ਲ ਹੋਏ ਹਨ ਤਾਂ ਹੁਣ ਵੀ ਹੋ ਜਾਣਗੇ ਪਰ ਜੇਕਰ ਇਹ ਪ੍ਰਮਾਣਤ ਹੈ ਕਿ ਰੱਬ ਦੇ ਵਿਰੋਧੀ ਅਤੇ ਉਸ ਦੇ ਨਿਸ਼ਚੇ ਦੇ ਮੁਖ਼ਾਲਫ਼ ਜੋ ਆਕਾਸ਼'ਤੇ ਕੀਤਾ ਅਿਗਾ ਹੈ ਉਹ ਹਮੇਸ਼ਾ ਜ਼ਿਲੱਤ ਤੇ ਪਰਾਜਿਤ ਹੁੰਦੇ ਹਨ ਤਾਂ ਫਿਰ ਇਹਨਾਂ ਲੋਕਾਂ ਲਈ ਵੀ ਇਕ ਦਿਨ ਅਸਫ਼ਲਤਾ ਤੇ ਨਾਮੁਰਾਦੀ ਤੇ ਰੁਸਵਾਈ ਪੇਸ਼ ਹੈ । ਰੱਬ ਦਾ ਫ਼ਰਮਾਇਆ ਕਦੇ ਖ਼ਾਲੀ ਨਹੀਂ ਜਾਂਦਾ ਅਤੇ ਨ ਹੀ ਜਾਵੇਗਾ, ਉਹ ਫ਼ਰਮਾਉਂਦਾਹੈ (كَتَبَ اللّٰهُ لَاَغْلِبَنَّ اَنَا وَرُسُلِیْ) 'ਕਾਤਾਬਲੱਾਹੁ ਲਾ ਅਗ਼ਲਿਬਨੱਾ ਅਨਾ ਵ ਰੁਸੁਲੀ' ਅਰਥਾਤ ਰੱਬ ਨੇ ਅਰੰਭ ਤੋਂ ਲਿੱਖ ਰੱਖਿਆ ਹੈ ਅਤੇ ਆਪਣਾ ਕਾਨੂਨ ਅਤੇ ਸੁਨੱਤ (ਮਰਿਆਦਾ) ਕਰਾਰ ਦੇ ਦਿਤੱਾ ਹੈ ਕਿ ਉਹ ਅਤੇ ਉਸ ਦੇ ਰਸੂਲ ਹਮੇਸ਼ਾ ਗ਼ਾਲਬ ਰਹਿਣਗੇ । ਸੋ, ਕਿਉਂਕਿ ਮੈਂ ਉਸ ਦਾ ਰਸੂਲ ਤੇ ਫ਼ਰਸਤਾਦਾ ਹਾਂ ਪਰ ਬਿਨਾਂ ਕਿਸੇ ਨਵੀਂ ਸ਼ਰੀਅਤ ਦੇ ਨਵੇਂ ਦਾਵੇ ਦੇ ਅਤੇ ਨਵੇਂ ਨਾਂ ਦੇ ਸਗੋਂ ਉਸੇ ਨਬੀ ਕਰੀਮ ਖ਼ਾਤਾਮੁਲ ਅੰਬਿਆ ਦਾ ਨਾਂ ਹਾਸਲ ਕਰਕੇ ਅਤੇ ਉਸੇ ਵਿੱਚੋਂ ਹੋਕੇ ਅਤੇ ਉਸਦਾ ਹੀ ਸਮਰੂਪ ਬਣਕੇ ਆਇਆ ਹਾਂ । ਇਸ ਲਈ ਮੈਂ ਕਹਿੰਦਾ ਹਾਂ ਕਿ ਜਿਵੇਂ ਆਦਿ ਤੋਂ ਆਦਮ ਦੇ ਸਮੇਂ ਤੋਂ ਲੈਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤੱਕ ਇਸ ਆਇਤ ਦਾ ਭਾਵਅਰਥ ਹਮੇਸ਼ਾ ਸਚੱਾ ਨਿਕਲਦਾ ਆਇਆ ਹੈ, ਅਜਿਹਾ ਹੀ ਹੁਣ ਮੇਰੇ ਹੱਕ ਵਿੱਚ ਵੀ ਸਚੱਾ ਨਿਕਲੇਗਾ । ਇੰਸ਼ਅਲੱਾਹ ।

**Khulasa Khutba Jumma 07.07.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131